# ਖ਼ਾਮੋਸ਼ ਭੈਣਾਂ

## ਕੋਈ ਕੀ ਕਰੇ, ਜਦ ਉਹਦਾ ਹੱਸਦਾ-ਵੱਸਦਾ ਘਰ ਅਚਾਨਕ ਨਰਕ ਬਣ ਜਾਵੇ?

ਜਦ ਸੰਨ 1947 ਵਿਚ ਜਦ ਹਿੰਦੁਸਤਾਨ ਦੀ ਤਕਸੀਮ ਤੇ ਪਾਕਿਸਤਾਨ ਦੇ ਬਣਨ ਵੇਲੇ ਪੰਜਾਬ ਦਾ ਉਜਾੜਾ ਹੋਇਆ, ਓਦੋਂ ਨੂਰ ਤੇ ਅਮ੍ਰਿਤ ਇਸ ਆਫ਼ਤ ਵਿਚ ਫਸ ਗਈਆਂ। ਨੂਰ ਮੁਸਲਮਾਨ ਸੀ ਤੇ ਅਮ੍ਰਿਤ ਸਿੱਖ। ਉਨ੍ਹਾਂ ਨੂੰ ਬੜੇ ਭਿਆਨਕ ਹਾਲਾਤ ਚੋਂ ਲੰਘਣਾ ਪਿਆ। ਮੂੰਹੋਂ ਕੁਝ ਬੋਲ ਵੀ ਨਾ ਸਕਦੀਆਂ ਸਨ। ਮੌਤ ਹੀ ਉਨ੍ਹਾਂ ਦੀ ਨਜਾਤ ਸੀ। ਪਰ ਮੌਤ ਵੀ ਉਨ੍ਹਾਂ ਦੇ ਨਸੀਬ ਵਿਚ ਨਹੀਂ ਸੀ।

ਸੰਨ 2017 ਵਿਚ ਭਾਰਤ ਤੇ ਪਾਕਿਸਤਾਨ ਦੀ ਆਜ਼ਾਦੀ ਦੀ 70-ਵੀਂ ਵਰ੍ਹੇਗੰਢ ਵੇਲੇ ਪੇਸ਼ ਕਰਨ ਲਈ ਕਵਿਤਾ, ਗੀਤ, ਸੰਗੀਤ ਤੇ ਨ੍ਰਿਤ ਵਾਲ਼ਾ ਨਾਟਕ **ਖ਼ਾਮੋਸ਼ ਭੈਣਾਂ** ਤਿਆਰ ਹੋ ਰਿਹਾ ਹੈ। ਇਕ ਕਰੋੜ ਤੋਂ ਵਧ ਲੋਕਾਂ ਨੂੰ ਬੇਘਰ ਹੋ ਕੇ ਨਵੀਂ-ਬਣੀ ਸਰਹੱਦ ਪਾਰ ਕਰਨੀ ਪਈ। ਹਜ਼ਾਰਹਾ ਔਰਤਾਂ ਬੇਪੱਤ ਕੀਤੀ ਗਈਆਂ, ਅਨੇਕਾਂ ਲੋਕਾਂ ਦਾ ਜਬਰਨ ਧਰਮ ਬਦਲਿਆ ਗਿਆ ਤੇ ਦਸ ਲੱਖ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਗਏ। **ਖ਼ਾਮੋਸ਼ ਭੈਣਾਂ** ਨਾਟਕ ਵੱਡੇ ਉਜਾੜੇ ਚੋਂ ਲੰਘੇ ਲੋਕਾਂ ਨਾਲ਼ ਕੀਤੀਆਂ ਗੱਲਾਂ ਤੇ ਮੰਚ ਦੀਆਂ ਵਰਕਸ਼ਾਪਾਂ ਲਾ ਕੇ ਤਿਆਰ ਹੋ ਰਿਹਾ ਹੈ। ਇਹ ਪੰਜਾਬ ਦੀ ਵੰਡ ਤੋਂ ਪੀੜਿਤ ਲੋਕਾਂ ਦੇ ਮਾਣ ਵਿਚ ਤੇ ਅੱਜ ਵੀ ਬੇਘਰ ਬੇਵਤਨ ਹੋ ਰਹੇ ਲੋਕਾਂ ਦੇ ਮਾਣ ਹਿਤ ਪੇਸ਼ ਕੀਤਾ ਜਾਣਾ ਹੈ।

8+ ਸਾਲ ਉਮਰ ਦੇ ਦਰਸ਼ਕਾਂ ਦੇ ਦੇਖਣ-ਜੋਗ

ਅਸਲ ਨਾਟਕ ਦਾ ਅਰਸਾ 60 ਮਿੰਟ ਤੇ ਬਾਅਦ ਵਿਚ ਬਹਿਸ ਦਾ ਸਮਾਂ ਵੱਖਰਾ